Surrey Schools
LEADERSHIP IN LEARNING

Tel: 604.596.7733
www.surreyschools.ca

# ਅਸਰਦਾਇਕ ਮਾਪਿਆਂ ਅਤੇ ਅਧਿਆਪਕਾਂ ਦੀਆਂ ਮੁਲਾਕਾਤਾਂ
## Effective Parent-teacher Conferences

ਬੱਚੇ ਦੀ ਸਕੂਲ ਵਿੱਚ ਕਾਮਯਾਬੀ ਲਈ ਸਕੂਲ ਦਾ ਅਤੇ ਘਰ ਦਾ ਆਪਸੀ ਸੰਚਾਰ ਵਧਣਾ ਬਹੁਤ ਹੀ ਜ਼ਰੂਰੀ ਹੈ ।ਇਸ ਪੱਖ ਲਈ ਅਧਿਆਪਕਾਂ ਅਤੇ ਮਾਪਿਆਂ ਵਿਚਕਾਰ ਮੁਲਾਕਾਤਾਂ ਜੋ ਰਿਪੋਰਟ ਕਾਰਡ ਤੋਂ ਬਾਅਦ ਹੁੰਦੀਆਂ ਹਨ, ਓਹਨਾਂ ਦਾ ਇੱਕ ਮਹੱਤਵ ਪੂਰਨ ਸਥਾਨ ਹੈ । ਇਹ ਮੁਲਾਕਾਤਾਂ ਮਦਦ ਕਰਦੀਆਂ ਹਨ:

- ਬੱਚੇ ਦੇ ਅਧਿਆਪਕ ਨਾਲ ਇੱਕ ਮਤਲਬ ਸਬੰਧੀ ਰਿਸ਼ਤਾ ਜੋੜਨ ਲਈ
- ਬੱਚੇ ਬਾਰੇ ਜ਼ਰੂਰੀ ਜਾਣਕਾਰੀ ਸਾਂਝੀ ਕਰਨ ਲਈ
- ਜਦੋਂ ਕੋਈ ਸਮਸਿੱਆ ਪੈ ਜਾਵੇ ਤਾਂ ਓਸਦਾ ਹੱਲ ਕਿਸ ਤਰਾਂ ਕਰਨਾ ਹੈ ।

ਮੁਲਾਕਾਤ ਤੋਂ ਪਹਿਲਾਂ ਕੀ ਕਰਨਾ ਚਾਹੀਦਾ ਹੈ:

1. ਜੋ ਸਵਾਲ ਅਧਿਆਪਕ ਤੋਂ ਪੁੱਛਣੇ ਹਨ, ਓਹਨਾਂ ਨੂੰ ਲਿਖ ਲਵੋ, ਆਪਣੇ ਬੱਚੇ ਨਾਲ ਸਲਾਹ ਕਰਨ ਤੋਂ ਬਾਅਦ
2. ਜੋ ਤੁਸੀਂ ਬੱਚੇ ਬਾਰੇ ਅਧਿਆਪਕ ਨੂੰ ਦੱਸਣਾ ਹੈ, ਓਹ ਵੀ ਨੋਟ ਕਰ ਲਵੋ ।
3. ਕਈ ਵਾਰ ਸਮੇਂ ਦੀ ਘਾਟ ਹੁੰਦੀ ਹੈ ਇਸ ਲਈ ਜ਼ਰੂਰੀ ਗੱਲਾਂ ਨੂੰ ਪਹਿਲਾਂ ਲਿਖ ਲਵੋ ।
4. ਛੋਟੇ ਬੱਚਿਆਂ ਦੀ ਨਿਗਰਾਨੀ ਦਾ ਬੰਦੋਬਾਸਤ ਕਰੋ ਤਾਂ ਕਿ ਓਹ ਮੁਲਾਕਾਤ ਵੇਲੇ ਨਾ ਸ਼ੋਰ ਪਾਓਣ

ਮੁਲਾਕਾਤ ਦੇ ਦੌਰਾਨ:

1. ਜੋ ਅਧਿਆਪਕ ਨੇ ਕਿਹਾ ਹੈ ਓਹ ਲਿਖ ਲਵੋ ਇੱਕ ਨੁਕਤੇ ਦੇ ਵਿੱਚ
2. ਬੱਚੇ ਦੀ ਬੇਹਤਰੀ ਲਈ ਜੋ ਕਰਨਾ ਹੈ ਓਹ ਲਿਖ ਲਵੋ
3. ਜੋ ਵੀ ਕਿਸੇ ਦੀ ਜ਼ਿਮੇਵਾਰੀ ਹੈ ਓਹ ਲਿਖੋ, ਜਾਣੀ ਬੱਚੇ ਨੇ, ਤੁਸੀਂ ਅਤੇ ਅਧਿਆਪਕ ਨੇ ਕੀ ਕਰਨਾ ਹੈ।

ਮੁਲਾਕਾਤ ਤੋਂ ਮਗਰੋਂ:

1. ਜੋ ਵੀ ਮੁਲਾਕਾਤ ਵਿੱਚ ਵਿਚਾਰਿਆ ਗਿਆ ਸੀ ਓਹ ਬੱਚੇ ਨਾਲ ਸਾਂਝਾ ਕਰੋ
2. ਜੋ ਵੀ ਬੇਹਤਰੀ ਲਈ ਫੈਸਲਾ ਕੀਤਾ ਸੀ, ਝੱਟਪੱਟ ਓਸ ਨੂੰ ਪ੍ਰਯੋਗ ਵਿੱਚ ਲਿਆਓ
3. ਅਗਰ ਕੋਈ ਵੀ ਇਸ ਫੈਸਲੇ ਦਾ ਹਿੱਸਾ ਮੁਨਾਸਿਬ ਨਹੀਂ ਜਾਂ ਨਹੀਂ ਹੋ ਸਕਦਾ, ਤਾਂ ਅਧਿਆਪਕ ਨੂੰ ਮਿਲੋ

ਮਦਦ ਲਈ ਨੁਕਤੇ:

- ਮੁਲਾਕਾਤ ਦੀ ਤਸਦੀਕ ਜ਼ਰੂਰ ਕਰ ਲਵੋ
- ਯਾਦ ਰਹੇ ਕਿ ਦੋਨੋਂ ਧਿਰਾਂ ਬੱਚੇ ਦੀ ਭਲਾਈ ਲਈ ਮਿਲ ਰਹੀਆਂ ਹਨ, ਇਸ ਲਈ ਹੌਸਂਲਾ ਰੱਖੋ
- ਬੱਚੇ ਦੀਆਂ ਖੂਬੀਆਂ ਅਤੇ ਵਧੀਆ ਨਿਪੁਨਤਾਵਾਂ ਓਪਰ ਫੈਸਲੇ ਕਰੋ
- ਆਪਣੇ ਮੀਟਿੰਗ ਦੇ ਨਿਸ਼ਚੇ ਤੋਂ ਚੰਗੀ ਤਰਾਂ ਜਾਣੂ ਹੋਵੋ
- ਮੁਲਾਕਾਤ ਸਮੇਂ ਓਧਾਰਣਾਂ ਦੇ ਕਿ ਵਿਚਾਰ ਕਰੋ, ਇਸ ਤਰਾਂ ਵਿਚਾਰ ਜ਼ਿਆਦਾ ਸਮਝ ਵਿੱਚ ਆ ਜਾਂਦੇ ਹਨ
- ਜੋ ਵੀ ਨੁਕਤਾ ਵਿਚਾਰ ਵਿੱਚ ਹੈ, ਓਸਦੀ ਹੀ ਵਿਚਾਰ ਕਰੋ ਨਾ ਕਿ ਬੀਤ ਚੁੱਕੇ ਸਮੇਂ ਦੀਆਂ ਗੱਲਾਂ ਦੁਹਰਾਈ ਜਾਓ ।